# ਈਕਵਲ ਆਪਰਟਿਊਨਟੀਜ਼ ਕਮਿਸ਼ਨ ਦਾ ਨਿੱਜੀ ਜਾਣਕਾਰੀ ਇਕੱਤਰ ਕਰਨ ਦਾ ਬਿਆਨ ਅਤੇ ਨਿੱਜਤਾ ਨੀਤੀ ਦਾ ਬਿਆਨ ("ਬਿਆਨ")

ਅਸੀਂ ਨਿੱਜੀ ਡਾਟਾ (ਨਿੱਜਤਾ) ਆਰਡੀਨੈਂਸ (Cap 486, ਹਾਂਗ ਕਾਂਗ ਦੇ ਕਾਨੂੰਨ) ("PD(P)O") ਦੀਆਂ ਸ਼ਰਤਾਂ ਦੀ ਪਾਲਣਾ ਕਰਨ ਦੀ ਸਹੁੰ ਲੈਂਦੇ ਹਾਂ। ਅਜਿਹਾ ਕਰਦੇ ਸਮੇਂ ਅਸੀਂ ਤਰਕਸੰਗਤ ਵਿਹਾਰਕ ਕਦਮਾਂ ਨੂੰ ਉਠਾਵਾਂਗੇ ਤਾਂ ਜੋ ਸੁਰੱਖਿਆ ਅਤੇ ਗੋਪਨੀਯਤਾ ਦੇ ਲੋੜੀਂਦੇ ਮਾਨਕਾਂ ਦੇ ਨਾਲ ਸਾਡੇ ਸਾਰੇ ਸਟਾਫ਼ ਮੈਂਬਰਾਂ ਦੁਆਰਾ PD(P)O ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕੇ।

## ਜਾਣਕਾਰੀ ਇਕੱਤਰ ਕਰਨਾ ਅਤੇ ਵਰਤੋਂ

ਅਸੀਂ ਤੁਹਾਡੇ ਨਾਲ ਸਬੰਧਤ ਨਿੱਜੀ ਜਾਣਕਾਰੀ ("ਨਿੱਜੀ ਡਾਟਾ") ਨੂੰ ਤੁਹਾਡੇ ਦੁਆਰਾ ਪੁੱਛਗਿੱਛ ਜਾਂ ਸ਼ਿਕਾਇਤ ਕਰਨ, ਈਕਵਲ ਆਪਰਟਿਊਨਟੀਜ਼ ਕਮਿਸ਼ਨ (ਈ ਓ ਸੀ) ਕੋਲ ਦਰਖਾਸਤਾਂ ਦਾਖਲ ਕਰਨ ਸਮੇਂ, ਸਾਡੇ ਸਮਾਗਮਾਂ ਵਿਚ ਭਾਗ ਲੈਣ ਸਮੇਂ ਜਾਂ ਸਾਡੇ ਨਾਲ ਗੱਲਬਾਤ ਕਰਨ ਸਮੇਂ ਇਕੱਤਰ ਕਰ ਸਕਦੇ ਹਾਂ। ਜੇ ਲੋੜੀਂਦਾ ਨਿੱਜੀ ਡਾਟਾ ਪ੍ਰਦਾਨ ਨਹੀਂ ਕੀਤਾ ਜਾਂਦਾ ਹੈ, ਤਾਂ ਹੋ ਸਕਦਾ ਹੈ ਅਸੀਂ ਤੁਹਾਡੀ ਪੁੱਛਗਿੱਛ, ਸ਼ਿਕਾਇਤਾਂ ਉੱਪਰ ਕਾਰਵਾਈ ਨਾ ਕਰ ਸਕੀਏ ਜਾਂ ਤੁਹਾਨੂੰ ਸੇਵਾਵਾਂ ਪ੍ਰਦਾਨ ਕਰਨੀਆਂ ਜਾਰੀ ਨਾ ਰੱਖ ਸਕੀਏ।

ਅਸੀਂ ਸਮੇਂ-ਸਮੇਂ ਹੇਠ ਲਿਖੇ ਮਕਸਦਾਂ ਵਿਚੋਂ ਕਿਸੇ ਦੇ ਲਈ ਤੁਹਾਡੇ ਨਿੱਜੀ ਡਾਟਾ ਦੀ ਵਰਤੋਂ ਕਰ ਸਕਦੇ ਹਾਂ:

- ੳ. ਤੁਹਾਡੇ ਦੁਆਰਾ ਕੀਤੀ ਗਈ ਪੁੱਛਗਿੱਛ ਅਤੇ ਸ਼ਿਕਾਇਤਾਂ 'ਤੇ ਕਾਰਵਾਈ ਅਤੇ ਫਾਲੋ-ਅੱਪ ਕਰਨਾ;
- ਅ. ਸਾਡੇ ਕਿਸੇ ਤਰ੍ਹਾਂ ਦੇ ਵੈਧਾਨਿਕ ਕੰਮਾਂ ਨੂੰ ਕਰਨ ਲਈ;
- ਈ. ਸਾਡੀ ਸੇਵਾ ਦੇ ਵਰਤੋਂਕਾਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਾਡੀਆਂ ਸੇਵਾਵਾਂ ਵਿਚ ਸੁਧਾਰ ਅਤੇ ਮਾਨੀਟਰਿੰਗ ਲਈ;
- ਸ. ਸੇਵਾ ਵਿਚ ਸੁਧਾਰਾਂ ਲਈ ਖੋਜ ਕਰਨ ਵਾਸਤੇ;
- ਹ. ਕਿਸੇ ਦਾਅਵੇ ਦੇ ਸਬੰਧ ਵਿਚ ਈ ਓ ਸੀ (EOC) ਬੀਮਾਕਰਤਾ ਨੂੰ ਸੂਚਿਤ ਕਰਨ ਲਈ ਜਾਂ ਕਿਸੇ ਦਾਅਵੇ ਦਾ ਬਚਾਅਪੱਖ ਰੱਖਣ ਲਈ ਜਿੱਥੇ ਕਿ ਤੁਸੀਂ ਇਕ ਧਿਰ ਵੱਜੋਂ ਸ਼ਾਮਲ ਹੋ;
- ਕ. ਸਾਡੀਆਂ ਹੋਰ ਸੇਵਾਵਾਂ ਦੇ ਸਬੰਧ ਵਿਚ ਤੁਹਾਨੂੰ ਜਾਣਕਾਰੀ ਅਤੇ ਸਮੱਗਰੀਆਂ ਭੇਜਣਾ (ਤੁਹਾਡੀ ਸਹਿਮਤੀ ਦੇ ਅਧੀਨ);
- ਖ. ਨਿਯਾਮਕ ਜਾਂ ਹੋਰ ਅਥਾਰਟੀਆਂ ਦੁਆਰਾ ਜਾਰੀ ਕੀਤੇ ਗਏ ਕਿਸੇ ਤਰ੍ਹਾਂ ਦੇ ਕਾਨੂੰਨਾਂ, ਨਿਯਮਾਂ ਜਾਂ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ;
- ਗ. ਤੁਹਾਡੇ ਦੁਆਰਾ ਸਹਿਮਤੀ ਦਿੱਤੇ ਗਏ ਹੋਰ ਮਕਸਦ; ਅਤੇ
- ਘ. ਉੱਪਰੋਕਤ ਵਿਚ ਕਿਸੇ ਨਾਲ ਸਬੰਧਤ ਮਕਸਦ।

ਤੁਹਾਡੇ ਨਿੱਜੀ ਡੇਟਾ ਨੂੰ ਓਨਾ ਸਮਾਂ ਹੀ ਰੱਖਿਆ ਜਾਵੇਗਾ, ਜਿੰਨਾ ਸਮਾਂ ਜਿਸ ਉਦੇਸ਼ (ਕਿਸੇ ਸਿੱਧੇ ਸਬੰਧਤ ਉਦੇਸ਼ ਦੇ ਸਮੇਤ) ਲਈ ਡੇਟਾ ਵਰਤਿਆ ਜਾ ਰਿਹਾ ਹੈ, ਉਸਨੂੰ ਪੂਰਾ ਨਹੀਂ ਕਰ ਲਿਆ ਜਾਂਦਾ।

## ਕੁਕੀਜ਼ ਦੀ ਵਰਤੋਂ

ਜਦੋਂ ਤੁਸੀਂ ਸਾਡੀ ਸਾਇਟ 'ਤੇ ਵਿਜ਼ਿਟ ਕਰਦੇ ਹੋ, ਅਸੀਂ ਤੁਹਾਡੀ ਵਿਜ਼ਿਟ ਨੂੰ ਕੇਵਲ ਇਕ "ਹਿੱਟ" ਵੱਜੋਂ ਰਿਕਾਰਡ ਕਰਦੇ ਹਾਂ ਅਤੇ ਤੁਹਾਡੇ ਨਾਲ ਸਬੰਧਤ ਕਿਸੇ ਤਰ੍ਹਾਂ ਦੀ ਨਿੱਜੀ ਤੌਰ 'ਤੇ ਪਛਾਣਯੋਗ ਨਿੱਜੀ ਜਾਣਕਾਰੀ ਨੂੰ ਇਕੱਤਰ ਨਹੀਂ ਕਰਦੇ ਹਾਂ। ਦੂਜੇ ਪਾਸੇ "ਕੁਕੀਜ਼" ਨੂੰ ਤੁਹਾਡੇ ਕੰਪਿਊਟਰ ਦੇ ਵੈਬ ਬਰਾਊਜ਼ਰ ਵਿਚ ਸਟੋਰ ਕੀਤਾ ਜਾਵੇਗਾ, ਜੇ ਤੁਸੀਂ ਇਸ ਫੰਕਸ਼ਨ ਨੂੰ ਸਮਰੱਥ ਕੀਤਾ ਹੋਇਆ ਹੈ। ਇਕ "ਕੁਕੀ" ਇਕ ਜਾਣਕਾਰੀ ਹੁੰਦੀ ਹੈ ਜੋ ਤੁਹਾਡੇ ਦੁਆਰਾ ਵੈਬਸਾਇਟ ਨੂੰ ਬਰਾਊਜ਼ ਕਰਦਿਆਂ ਉਸ ਵੈਬਸਾਇਟ ਦੁਆਰਾ ਭੇਜੀ ਜਾਂਦੀ ਹੈ। ਇਹ ਤੁਹਾਡੀਆਂ ਪ੍ਰਾਥਮਿਕਤਾਵਾਂ ਨੂੰ ਰਿਕਾਰਡ ਕਰਦੀ ਹੈ ਅਤੇ ਤੁਹਾਡੇ ਵੈਬ ਬਰਾਊਜ਼ਰ ਵਿਚ ਸਟੋਰ ਕੀਤੀ ਜਾਂਦੀ ਹੈ। ਅਸੀਂ ਤੁਹਾਡੇ ਨਿੱਜੀ ਡਾਟਾ ਨੂੰ ਇਕੱਤਰ ਕਰਨ ਲਈ ਕੁਕੀਜ਼ ਦੀ ਵਰਤੋਂ ਨਹੀਂ ਕਰਾਂਗੇ। ਤੁਸੀਂ ਆਪਣੇ ਵੈਬ ਬਰਾਊਜ਼ਰ 'ਤੇ ਕੁਕੀਜ਼ ਨੂੰ ਅਸਮਰੱਥ ਕਰ ਸਕਦੇ ਹੋ, ਪਰ ਜੇ ਤੁਸੀਂ ਕੁਕੀਜ਼ ਨੂੰ

ਅਸਮਰੱਥ ਕਰਦੇ ਹੋ ਤਾਂ ਤੁਸੀਂ ਸਾਡੀ ਵੈਬਸਾਇਟ ਉੱਪਰ ਦਿੱਤੀਆਂ ਗਈਆਂ ਕੁਝ ਖਾਸ ਵਿਸ਼ੇਸ਼ਤਾਵਾਂ ਦੀ ਵਰਤੋਂ ਨਹੀਂ ਕਰ ਸਕੋਗੇ, ਜਿਵੇਂ ਕਿ ਪਹਿਲ ਦਿੱਤੀ ਜਾਂਦੀ ਭਾਸ਼ਾ ਨੂੰ ਚੁਣਨਾ।

## ਡਾਟਾ ਦੀ ਸੁਰੱਖਿਆ ਅਤੇ ਖੁਲਾਸਾ

ਅਸੀਂ ਸਾਰੇ ਨਿੱਜੀ ਡਾਟਾ ਨੂੰ ਗੁਪਤ ਰੱਖਦੇ ਹਾਂ ਪਰ ਉੱਪਰ ਦੱਸੇ ਗਏ ਮੰਤਵਾਂ ਲਈਵਿਅਕਤੀਆਂ ਦੀਆਂ ਹੇਠ ਲਿਖੀਆਂ ਸ਼੍ਰੇਣੀਆਂ (ਚਾਹੇ ਹਾਂਗ ਕਾਂਗ ਦੇ ਅੰਦਰ ਹੋਣ ਜਾਂ ਬਾਹਰ) ਨੂੰ ਨਿੱਜੀ ਡਾਟਾ ਪ੍ਰਗਟ ਦਾ ਖੁਲਾਸਾ ਜਾਂ ਤਬਾਦਲਾ ਕਰ ਸਕਦੇ ਹਾਂ;

ੳ. ਈ ੳ ਸੀ (EOC) ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੇ ਲਈ ਤੁਹਾਡੀ ਸ਼ਿਕਾਇਤ(ਤਾਂ), ਪੁੱਛਗਿੱਛ(ਛਾਂ), ਦਰਖਾਸਤ(ਤਾਂ) ਅਤੇ ਬੇਨਤੀ(ਆਂ) ਦੇ ਨਾਲ ਸਬੰਧਤ ਕਿਸੇ ਤਰ੍ਹਾਂ ਦੀਆਂ ਧਿਰਾਂ;

ਅ. ਕਾਨੂੰਨੀ ਸਲਾਹਕਾਰ ਅਤੇ ਸਾਡੇ ਦੁਆਰਾ ਲਏ ਗਏ ਕਿਸੇ ਤਰ੍ਹਾਂ ਦੇ ਪੇਸ਼ੇਵਰ ਸਲਾਹਕਾਰ; ਜਿਵੇਂ ਕਿ ਖੋਜ ਸਲਾਹਕਾਰ ਅਤੇ ਏਜੰਟ

ਈ. ਉਨ੍ਹਾਂ ਵਿਅਕਤੀਆਂ ਜਿਨ੍ਹਾਂ ਕੋਲ ਅਸੀਂ ਨਿਯਾਮਕ, ਜਾਂ ਹੋਰ ਅਥਾਰਿਟੀਆਂ ਜਾਂ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਜਾਂ ਕਿਸੇ ਅਦਾਲਤ ਜਾਂ ਕਿਸੇ ਨਿਆਂਇਕ ਸੰਸਥਾ ਦੁਆਰਾ ਜਾਰੀ ਕੀਤੇ ਗਏ ਕਿਸੇ ਤਰ੍ਹਾਂ ਦੇ ਕਾਨੂੰਨਾਂ, ਨਿਯਮਾਂ ਜਾਂ ਦਿਸ਼ਾ-ਨਿਰਦੇਸ਼ਾਂ ਦੇ ਅਧੀਨ ਨਿੱਜੀ ਡਾਟਾ ਦਾ ਖੁਲਾਸਾ ਕਰਨ ਲਈ ਕਿਸੇ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਜਾਂ ਜ਼ਰੂਰਤਾਂ ਦੇ ਅਧੀਨ ਹਾਂ; ਅਤੇ/ਜਾਂ

ਸ. ਉਨ੍ਹਾਂ ਵਿਅਕਤੀਆਂ ਜਿਨ੍ਹਾਂ ਕੋਲ ਅਸੀਂ, ਸਾਡੇ ਦੁਆਰਾ ਕਿਸੇ ਤਰ੍ਹਾਂ ਦੀਆਂ ਗੈਰ ਕਾਨੂੰਨੀ ਗਤੀਵਿਧੀਆਂ ਜਾਂ ਸ਼ੱਕੀ ਗਤੀਵਿਧੀਆਂ ਦੀ ਰੋਕਥਾਮ ਜਾਂ ਪਤਾ ਲਗਾਉਣ ਦੇ ਲਈ ਲਾਗੂ ਕੀਤੀਆਂ ਕਿਸੇ ਤਰ੍ਹਾਂ ਦੀਆਂ ਨੀਤੀਆਂ ਅਤੇ ਉਪਾਵਾਂ ਦੇ ਅਧੀਨ ਨਿੱਜੀ ਡਾਟਾ ਦਾ ਖੁਲਾਸਾ ਕਰਨ ਲਈ ਜ਼ਿੰਮੇਵਾਰ ਹਾਂ।

## ਦੂਜੀਆਂ ਵੈਬਸਾਇਟਾਂ ਨੂੰ ਲਿੰਕ

ਤੁਹਾਡੀ ਸੁਵਿਧਾ ਲਈ ਅਸੀਂ ਦੂਜੀਆਂ ਵੈਬਸਾਇਟਾਂ ਲਈ ਹਾਈਪਰਲਿੰਕ ਪ੍ਰਦਾਨ ਕਰਦੇ ਹਾਂ। ਕਿਰਪਾ ਕਰਕੇ ਨੋਟ ਕਰੋ, ਇਹ ਬਿਆਨ ਕੇਵਲ ਸਾਡੀ ਵੈਬਸਾਇਟ ਉੱਪਰ ਲਾਗੂ ਹੁੰਦਾ ਹੈ ਅਤੇ ਹੋਰ ਵੈਬਸਾਇਟਾਂ ਉੱਪਰ ਲਾਗੂ ਨਹੀਂ ਹੁੰਦਾ ਹੈ।

ਜੇ ਤੁਸੀਂ ਕਿਸੇ ਹੋਰ ਵੈਬਸਾਇਟ ਨਾਲ ਜੋੜਦੇ ਕਿਸੇ ਹਾਈਪਰਲਿੰਕ ਉੱਪਰ ਕਲਿਕ ਕਰਦੇ ਹੋ, ਤਾਂ ਦੂਜੀ ਵੈਬਸਾਇਟ 'ਤੇ ਡਾਟਾ ਨਿੱਜਤਾ ਦੀ ਸੁਰੱਖਿਆ ਅਤੇ ਤੁਹਾਡਾ ਕੂਕੀਜ਼ ਦੇ ਸੰਪਰਕ ਵਿਚ ਆਉਣਾ ਸਾਡੀ ਜ਼ਿੰਮੇਵਾਰੀ ਨਹੀਂ ਹੈ। ਤੁਹਾਨੂੰ ਸਬੰਧਤ ਵੈਬਸਾਇਟ ਦੀ ਨਿੱਜਤਾ ਨੀਤੀ ਅਤੇ ਅਭਿਆਸਾਂ ਨੂੰ ਦੇਖਣ ਦੀ ਸਲਾਹ ਦਿੱਤੀ ਜਾਂਦੀ ਹੈ।

## ਨਿੱਜੀ ਡਾਟਾ ਦੀ ਵਰਤੋਂ ਅਤੇ ਸੁਧਾਈ

PD(P)O ਦੇ ਅਧੀਨ, ਆਮ ਤੌਰ 'ਤੇ ਕਿਸੇ ਵਿਅਕਤੀ ਕੋਲ ਆਪਣੇ ਨਿੱਜੀ ਡਾਟਾ ਤੱਕ ਪਹੁੰਚ ਕਰਨ ਅਤੇ ਉਸਦੇ ਕਿਸੇ ਤਰ੍ਹਾਂ ਦੇ ਗਲਤ ਨਿੱਜੀ ਡਾਟਾ ਨੂੰ ਸਾਡੇ ਦੁਆਰਾ ਠੀਕ ਕਰਨ ਲਈ ਬੇਨਤੀ ਕਰਨ ਦਾ ਅਧਿਕਾਰ ਹੁੰਦਾ ਹੈ। ਨਿੱਜੀ ਡਾਟਾ ਤੱਕ ਪਹੁੰਚ ਕਰਨ ਅਤੇ ਸੁਧਾਈ ਕਰਨ ਨਾਲ ਸਬੰਧਤ ਕਿਸੇ ਤਰ੍ਹਾਂ ਦੀ ਬੇਨਤੀ ਲਿਖਤ ਵਿਚ Equal Opportunities Commission, 16/F, 41 Heung Yip Road, Wong Chuk Hang, Hong Kong ਨੂੰ ਕੀਤੀ ਜਾਣੀ ਚਾਹੀਦੀ ਹੈ ਅਤੇ ਹੇਠ ਲਿਖੇ ਕਰਮਚਾਰੀਆਂ ਵਿਚੋਂ ਕਿਸੇ ਨੂੰ ਸੰਬੋਧਿਤ ਕੀਤੀ ਜਾਣੀ ਚਾਹੀਦੀ ਹੈ;

ੳ. ਨਿਰਦੇਸ਼ਕ (ਸ਼ਿਕਾਇਤ ਸੇਵਾਵਾਂ) ਜਾਂ ਮੁੱਖ ਕਾਨੂੰਨੀ ਸਲਾਹਕਾਰ ਕੋਲ, ਉਨ੍ਹਾਂ ਦੇ ਆਪਣੇ ਕਾਰਜ ਖੇਤਰ ਵਿਚ ਉਨ੍ਹਾਂ ਵਿਚੋਂ ਕਿਸੇ ਦੁਆਰਾ ਰੱਖੇ ਗਏ ਨਿੱਜੀ ਡਾਟਾ ਦੇ ਸਬੰਧ ਵਿਚ;

ਅ. ਨਿਰਦੇਸ਼ਕ, ਕਾਰਪੋਰੇਟ ਪਲਾਨਿੰਗ ਅਤੇ ਸੇਵਾਵਾਂ ਕੋਲ, ਬਾਕੀ ਦੇ ਹੋਰ ਰਿਕਾਰਡਾਂ ਵਿਚ ਰੱਖੇ ਗਏ ਨਿੱਜੀ ਡਾਟਾ ਦੇ ਸਬੰਧ ਵਿਚ।

ਵੇਰਵਿਆਂ ਦੇ ਲਈ ਕਿਰਪਾ ਕਰਕੇ ਸਾਡੀ ‘ਨਿੱਜਤਾ ਅਤੇ ਡਾਟਾ ਸੁਰੱਖਿਆ ਨੀਤੀ ਅਤੇ ਅਭਿਆਸ’ ਦੇਖੋ।

ਸਾਡੇ ਕੋਲ, ਡਾਟਾ ਦੀ ਵਰਤੋਂ ਸਬੰਧੀ ਕਿਸੇ ਬੇਨਤੀ 'ਤੇ ਕਾਰਵਾਈ ਕਰਨ ਲਈ ਫੀਸ ਵਸੂਲਣ ਦਾ ਹੱਕ ਹੈ।

---

ਇਹ ਬਿਆਨ ਅੰਗਰੇਜ਼ੀ ਅਤੇ ਅਨੁਵਾਦਿਤ ਭਾਸ਼ਾਵਾਂ ਵਿਚ ਲਿਖਿਆ ਜਾਂਦਾ ਹੈ। ਜੇ ਅੰਗਰੇਜ਼ੀ ਅਤੇ ਅਨੁਵਾਦ ਕੀਤੇ ਸੰਸਕਰਣਾਂ ਵਿਚ ਕੋਈ ਅੰਤਰ ਜਾਂ ਟਕਰਾਵ ਹੈ ਤਾਂ ਅੰਗਰੇਜ਼ੀ ਸੰਸਕਰਣ ਲਾਗੂ ਹੋਏਗਾ।

---

ਅਪ੍ਰੈਲ 2023 ਵਿਚ ਸੋਧਿਆ